

# ਤਪੇਦਿਕ ਸੰਕ੍ਰਮਣ
# ਬਾਰੇ ਗੱਲ ਕਰਨਾ





# ਜਾਣ-ਪਛਾਣ

ਦੁਨੀਆਂ ਭਰ ਵਿੱਚ ਕਈ ਲੱਖ ਲੋਕਾਂ ਨੂੰ ਤਪੇਦਿਕ (tuberculosis, TB) ਸੰਕ੍ਰਮਣ ਹੁੰਦਾ ਹੈ। ਇੱਕ ਵਿਅਕਤੀ ਦੇ ਸਰੀਰ ਵਿੱਚ ਤਪੇਦਿਕ ਰੋਗਾਣੂ (*ਮਾਇਕੋਬੈਕਟੀਰੀਅਮ ਟਿਊਬਰਕੁਲੋਸਿਸ*) ਹੋ ਸਕਦਾ ਹੈ, ਪਰ ਵਿਅਕਤੀ ਬਿਮਾਰ ਮਹਿਸੂਸ ਨਹੀਂ ਵੀ ਕਰ ਸਕਦਾ। ਇਸ ਨੂੰ ਤਪੇਦਿਕ ਸੰਕ੍ਰਮਣ ਕਿਹਾ ਜਾਂਦਾ ਹੈ। ਜਦੋਂ ਤਪੇਦਿਕ ਰੋਗਾਣੂ ਵੱਡਾ ਹੁੰਦਾ ਹੈ ਅਤੇ ਵਿਅਕਤੀ ਨੂੰ ਲੱਛਣ ਹੋਣੇ ਸ਼ੁਰੂ ਹੁੰਦੇ ਹਨ, ਯਾਂਨੀ ਜਦੋਂ ਸੰਕ੍ਰਮਣ ਕ੍ਰਿਆਸ਼ੀਲ ਤਪੇਦਿਕ ਰੋਗ, **ਇੱਕ ਗੰਭੀਰ ਬਿਮਾਰੀ** ਵਿੱਚ ਵਿਕਸਿਤ ਹੋ ਜਾਂਦਾ ਹੈ।

ਇਹ ਜਾਣਨਾ ਕਿ ਤੁਹਾਨੂੰ ਤਪੇਦਿਕ ਸੰਕ੍ਰਮਣ ਹੈ, ਡਰਾ ਸਕਦਾ ਹੈ - ਖਾਸ ਤੌਰ 'ਤੇ ਤਪੇਦਿਕ ਸੰਕ੍ਰਮਣ ਅਤੇ ਕ੍ਰਿਆਸ਼ੀਲ ਤਪੇਦਿਕ ਬਿਮਾਰੀ ਬਾਰੇ ਗ਼ਲਤ ਜਾਣਕਾਰੀ ਹੋਣ ਕਰਕੇ। ਕੁਝ ਲੋਕ ਤਪੇਦਿਕ ਸੰਕ੍ਰਮਣ ਅਤੇ ਕ੍ਰਿਆਸ਼ੀਲ ਤਪੇਦਿਕ ਬਿਮਾਰੀ ਹੋਣ ਬਾਰੇ ਸ਼ਰਮ, ਡਰ ਜਾ ਬਦਨਾਮੀ ਮਹਿਸੂਸ ਕਰ ਸਕਦੇ ਹਨ। ਦੋਸਤ ਅਤੇ ਪਰਿਵਾਰ ਨਾਪਸੰਦੀ ਦਿਖਾ ਸਕਦੇ ਹਨ। ਇਹ ਤਪੇਦਿਕ ਵਾਲੇ ਵਿਅਕਤੀ ਨੂੰ ਗਤੀਵਿਧਿਆਂ ਤੋਂ ਬਾਹਰ ਕਰ ਸਕਦੇ ਹਨ। **ਇਹ ਸਾਰੇ ਤੱਥਾਂ ਦੀ ਜਾਣਕਾਰੀ ਨਾ ਹੋਣ ਕਰਕੇ ਹੋ ਸਕਦਾ ਹੈ। ਇਹ ਗਾਈਡ ਤੁਹਾਨੂੰ ਤੁਹਾਡੇ ਸਿਹਤ ਦੇਖਭਾਲ ਪ੍ਰਦਾਤਾ, ਚਹੇਤਿਆਂ ਅਤੇ ਬਰਾਦਰੀ ਦੇ ਨਾਲ ਤਪੇਦਿਕ ਸੰਕ੍ਰਮਣ ਅਤੇ ਕ੍ਰਿਆਸ਼ੀਲ ਤਪੇਦਿਕ ਬਿਮਾਰੀ ਬਾਰੇ ਗੱਲ ਕਰਨ ਦੇ ਤਰੀਕੇ ਪ੍ਰਦਾਤਾ ਕਰਦੀ ਹੈ।**

| ਜੇ ਕੋਈ ਵਿਅਕਤੀ ਇਹ ਕਹਿੰਦਾ ਹੈ... | ਤਾਂ ਇਹ ਕਹੋ... |
|---|---|
| ✕ ਕਲਪਿਤ ਗੱਲ | ✓ ਤੱਥ |
| ਤਪੇਦਿਕ ਸੰਕ੍ਰਮਣ ਅਤੇ ਕ੍ਰਿਆਸ਼ੀਲ ਤਪੇਦਿਕ ਬਿਮਾਰੀ ਠੀਕ ਨਹੀਂ ਹੋ ਸਕਦੀ। | ਤਪੇਦਿਕ ਸੰਕ੍ਰਮਣ ਅਤੇ ਕ੍ਰਿਆਸ਼ੀਲ ਤਪੇਦਿਕ ਬਿਮਾਰੀ ਨੂੰ ਸਹੀ ਇਲਾਜ ਦੇ ਨਾਲ ਠੀਕ ਕੀਤਾ ਜਾ ਸਕਦਾ ਹੈ। "ਮੈਂ ਆਪਣੇ-ਆਪ ਨੂੰ ਕ੍ਰਿਆਸ਼ੀਲ ਤਪੇਦਿਕ ਬਿਮਾਰੀ, ਇੱਕ ਗੰਭੀਰ ਰੋਗ ਵਿਕਸਿਤ ਹੋਣ ਤੋਂ ਬਚਾਉਣ ਲਈ ਤਪੇਦਿਕ ਸੰਕ੍ਰਮਣ ਲਈ ਦਵਾਈ ਲੈ ਰਿਹਾ/ਰਹੀ ਹਾਂ।" |
| ਜੇ ਤੁਹਾਨੂੰ ਤਪੇਦਿਕ ਸੰਕ੍ਰਮਣ ਹੁੰਦਾ ਹੈ ਤਾਂ ਤੁਹਾਨੂੰ ਆਪਣੇ ਪਰਿਵਾਰ ਜਾਂ ਦੋਸਤਾਂ ਦੇ ਆਲੇ-ਦੁਆਲੇ ਨਹੀਂ ਹੋਣਾ ਚਾਹੀਦਾ। | ਤਪੇਦਿਕ ਸੰਕ੍ਰਮਣ ਛੂਤਕਾਰੀ ਨਹੀਂ ਹੈ। ਤੁਹਾਨੂੰ ਤਪੇਦਿਕ ਸੰਕ੍ਰਮਣ ਹੋਣ ਵਾਲੇ ਵਿਅਕਤੀ ਤੋਂ ਤਪੇਦਿਕ ਨਹੀਂ "ਹੋ ਸਕਦਾ"। ਪਰ, ਕ੍ਰਿਆਸ਼ੀਲ ਤਪੇਦਿਕ ਸੰਕ੍ਰਮਣ ਛੂਤਕਾਰੀ ਹੈ। ਤਪੇਦਿਕ ਸੰਕ੍ਰਮਣ ਲਈ ਦਵਾਈ ਲੈਣਾ ਤੁਹਾਨੂੰ ਕ੍ਰਿਆਸ਼ੀਲ ਤਪੇਦਿਕ ਬਿਮਾਰੀ ਵਿਕਸਿਤ ਹੋਣ ਤੋਂ ਬਚਾਉਂਦਾ ਹੈ। |
| ਜੇ ਤੁਸੀਂ ਕ੍ਰਿਆਸ਼ੀਲ ਤਪੇਦਿਕ ਸੰਕ੍ਰਮਣ ਹੋਣ ਵਾਲੇ ਕਿਸੇ ਵਿਅਕਤੀ ਦੇ ਨਾਲ ਭੋਜਨ ਸਾਂਝਾ ਕਰਦੇ ਹੋ ਜਾਂ ਸਮਾਨ ਭਾਂਡੇ ਵਰਤਦੇ ਹੋ, ਤਾਂ ਤੁਹਾਨੂੰ ਕ੍ਰਿਆਸ਼ੀਲ ਤਪੇਦਿਕ ਸੰਕ੍ਰਮਣ ਹੋ ਸਕਦਾ ਹੈ। | ਤੁਹਾਨੂੰ ਭਾਂਡੇ ਸਾਂਝੇ ਕਰਕੇ ਕ੍ਰਿਆਸ਼ੀਲ ਤਪੇਦਿਕ ਬਿਮਾਰੀ ਨਹੀਂ ਹੋ ਸਕਦੀ। ਤਪੇਦਿਕ ਰੋਗਾਣੂ ਹਵਾ ਦੇ ਦੁਆਰਾ ਫੈਲਦਾ ਹੈ। ਜਦੋਂ ਕ੍ਰਿਆਸ਼ੀਲ ਤਪੇਦਿਕ ਬਿਮਾਰੀ ਹੋਣ ਵਾਲਾ ਕੋਈ ਵਿਅਕਤੀ ਖੰਘਦਾ, ਛਿੱਕਾਂ ਮਾਰਦਾ ਜਾਂ ਬੋਲਦਾ ਹੈ, ਤਾਂ ਉਹ ਤਪੇਦਿਕ ਰੋਗਾਣੂ ਨੂੰ ਹਵਾ ਵਿੱਚ ਛੱਡਦਾ ਹੈ। ਲੋਕ ਤਪੇਦਿਕ ਰੋਗਾਣੂ ਵਿੱਚ ਸਾਹ ਲੈ ਸਕਦੇ ਹਨ ਅਤੇ ਬਿਮਾਰ ਹੋ ਸਕਦੇ ਹਨ। |

**"ਮੈਂ ਆਪਣੇ-ਆਪ ਅਤੇ ਆਪਣੇ ਚਹੇਤਿਆਂ ਲਈ ਸਿਹਤਮੰਦ ਰਹਿਣ ਵਾਸਤੇ ਅਤੇ ਇਹ ਯਕੀਨੀ ਬਣਾਉਣ ਲਈ ਕਿ ਮੈਨੂੰ ਕ੍ਰਿਆਸ਼ੀਲ ਤਪੇਦਿਕ ਸੰਕ੍ਰਮਣ ਨਾ ਹੋ ਜਾਵੇ, ਤਪੇਦਿਕ ਸੰਕ੍ਰਮਣ ਦੀ ਦਵਾਈ ਲੈਂਦਾ/ਲੈਂਦੀ ਹਾਂ।"**

| ਜੇ ਕੋਈ ਵਿਅਕਤੀ ਇਹ ਕਹਿੰਦਾ ਹੈ... | ਤਾਂ ਇਹ ਕਹੋ... |
| --- | --- |
| ✕ ਕਲਪਿਤ ਗੱਲ | ✓ ਤੱਥ |
| ਮੈਂ ਬੈਕਿਲਸ ਕੈਲਮੇਟ-ਗਿਉਰਿਨ (Bacillus Calmette–Guérin, BCG) ਵੈਕਸੀਨ (ਤਪੇਦਿਕ ਲਈ ਇੱਕ ਵੈਕਸੀਨ) ਲਗਵਾਇਆ। ਕੀ ਮੈਨੂੰ ਹਾਲੇ ਵੀ ਤਪੇਦਿਕ ਸੰਕ੍ਰਮਣ ਹੋ ਸਕਦਾ ਹੈ ਜਾਂ ਕ੍ਰਿਆਸ਼ੀਲ ਤਪੇਦਿਕ ਬਿਮਾਰੀ ਵਿਕਸਿਤ ਹੋ ਸਕਦੀ ਹੈ? | ਭਾਵੇਂ ਤੁਸੀਂ ਇੱਕ ਬੱਚੇ ਵਜੋਂ BCG ਟੀਕਾਕਰਣ ਕਰਾਇਆ ਹੋਇਆ ਹੈ, ਤੁਹਾਨੂੰ ਫੇਰ ਵੀ ਤਪੇਦਿਕ ਸੰਕ੍ਰਮਣ ਹੋਣ ਜਾਂ ਕ੍ਰਿਆਸ਼ੀਲ ਤਪੇਦਿਕ ਬਿਮਾਰੀ ਵਿਕਸਿਤ ਹੋਣ ਦਾ ਜੋਖਮ ਹੁੰਦਾ ਹੈ। ਤੁਹਾਨੂੰ ਤਾਂ ਵੀ ਟੈਸਟ ਕਰਾਉਣਾ ਚਾਹੀਦਾ ਹੈ ਜੇ ਤੁਸੀਂ ਇੱਕ ਬੱਚੇ ਵਜੋਂ BCG ਟੀਕਾਕਰਣ ਕਰਾਇਆ ਸੀ ਕਿਉਂਕਿ ਇਹ ਬਾਲਗ਼ਾਂ ਨੂੰ ਤਪੇਦਿਕ ਸੰਕ੍ਰਮਣ ਹੋਣ ਤੋਂ ਬਚਾਉਣਾ ਜਾਰੀ ਨਹੀਂ ਰੱਖਦਾ। ਜੇ ਤੁਸੀਂ BCG ਟੀਕਾਕਰਣ ਕਰਾਇਆ ਸੀ, ਤਾਂ ਤੁਹਾਨੂੰ ਆਪਣੇ ਪ੍ਰਦਾਤਾ ਤੋਂ ਖੂਨ-ਆਧਾਰਿਤ ਤਪੇਦਿਕ ਟੈਸਟ ਕਰਾਉਣ ਲਈ ਪੁੱਛਣਾ ਚਾਹੀਦਾ ਹੈ, ਨਾ ਕਿ ਚਮੜੀ ਦਾ ਟੈਸਟ। ਖੂਨ-ਆਧਾਰਿਤ ਟੈਸਟ ਤੁਹਾਨੂੰ ਦੱਸੇਗਾ ਕਿ ਤੁਹਾਨੂੰ ਤਪੇਦਿਕ ਸੰਕ੍ਰਮਣ ਹੈ ਜਾਂ ਨਹੀਂ, ਭਾਵੇਂ ਤੁਸੀਂ ਪਹਿਲੇ ਟੀਕਾਕਰਣ ਕਰਾ ਚੁੱਕੇ ਹੋ। |
| ਤਪੇਦਿਕ ਸੰਕ੍ਰਮਣ ਅਤੇ ਕ੍ਰਿਆਸ਼ੀਲ ਤਪੇਦਿਕ ਬਿਮਾਰੀ ਸਿਰਫ਼ ਕੁਝ ਲੋਕਾਂ ਨੂੰ ਉਹਨਾਂ ਦੀ ਜੀਵਨਸ਼ੈਲੀ ਜਾਂ ਆਮਦਨੀ ਦੇ ਪੱਧਰ ਕਾਰਨ ਹੁੰਦੀ ਹੈ।<br><br>ਤਪੇਦਿਕ ਸੰਕ੍ਰਮਣ ਅਤੇ ਕ੍ਰਿਆਸ਼ੀਲ ਤਪੇਦਿਕ ਬਿਮਾਰੀ ਸਜ਼ਾ ਹੈ ਕਿਉਂਕਿ ਤੁਸੀਂ ਕੁਝ ਗ਼ਲਤ ਕੀਤਾ ਸੀ। | **ਕੋਈ ਵੀ** ਸੰਕ੍ਰਮਿਤ ਹੋ ਸਕਦਾ ਹੈ ਜੇ ਉਹ ਤਪੇਦਿਕ ਪੈਦਾ ਕਰਨ ਵਾਲੇ ਰੋਗਾਣੂ ਦੇ ਸੰਪਰਕ ਵਿੱਚ ਆਉਂਦਾ ਹੈ। ਤਪੇਦਿਕ ਸੰਕ੍ਰਮਣ, ਜਾਂ ਇੱਥੇ ਤਕ ਕਿ ਕ੍ਰਿਆਸ਼ੀਲ ਤਪੇਦਿਕ ਸੰਕ੍ਰਮਣ ਹੋਣ ਦਾ ਕਿਸੇ ਵਿਅਕਤੀ ਦੇ ਵਿਵਹਾਰ ਜਾਂ ਸਮਾਜਕ ਸ਼੍ਰੇਣੀ ਦੇ ਨਾਲ ਕੋਈ ਲੈਣਾ-ਦੇਣਾ ਨਹੀਂ ਹੈ। |

| ਜੇ ਕੋਈ ਵਿਅਕਤੀ ਇਹ ਕਹਿੰਦਾ ਹੈ... | ਤਾਂ ਇਹ ਕਹੋ... |
|---|---|
| **ਕਲਪਿਤ ਗੱਲ** | **ਤੱਥ** |
| ਕ੍ਰਿਆਸ਼ੀਲ ਤਪੇਦਿਕ ਬਿਮਾਰੀ ਅਜਿਹੀ ਕੋਈ ਚੀਜ਼ ਹੈ ਜਿਸ ਬਾਰੇ ਮੇਰੀ ਦਾਦਾ-ਦਾਦੀ/ਨਾਨਾ-ਨਾਨੀ ਨੂੰ ਚਿੰਤਾ ਕਰਨ ਦੀ ਲੋੜ ਸੀ। ਇਹ ਹੁਣ ਕੋਈ ਸਮੱਸਿਆ ਨਹੀਂ ਹੈ। | ਤਪੇਦਿਕ ਅਮਰੀਕਾ ਅਤੇ ਪੂਰੀ ਦੁਨੀਆਂ ਵਿੱਚ ਹਾਲੇ ਵੀ ਇੱਕ ਸਮੱਸਿਆ ਹੈ। ਤਪੇਦਿਕ ਪੂਰੀ ਦੁਨੀਆਂ ਵਿੱਚ ਮੌਤ ਦੇ 10 ਪ੍ਰਮੁੱਖ ਕਾਰਨਾਂ ਵਿੱਚੋਂ ਇੱਕ ਹੈ - HIV/AIDS ਤੋਂ ਵੀ ਜ਼ਿਆਦਾ। ਅਮਰੀਕਾ ਵਿੱਚ, 13 ਮਿਲੀਅਨ ਲੋਕਾਂ ਨੂੰ ਤਪੇਦਿਕ ਸੰਕ੍ਰਮਣ ਹੋਣ ਦਾ ਅਨੁਮਾਨ ਹੈ।[1] |
| ਤਪੇਦਿਕ ਸੰਕ੍ਰਮਣ ਜਾਂ ਕ੍ਰਿਆਸ਼ੀਲ ਤਪੇਦਿਕ ਬਿਮਾਰੀ ਵਾਲੇ ਲੋਕਾਂ ਨੂੰ ਵਿਸ਼ੇਸ਼ ਹਸਪਤਾਲਾਂ ਵਿੱਚ ਅਤੇ ਪਰਿਵਾਰ ਤੋਂ ਦੂਰ ਰਹਿਣਾ ਪੈਂਦਾ ਹੈ। | ਲੋਕਾਂ ਨੂੰ ਤਪੇਦਿਕ ਸੰਕ੍ਰਮਣ ਅਤੇ ਕ੍ਰਿਆਸ਼ੀਲ ਤਪੇਦਿਕ ਬਿਮਾਰੀ ਦੇ ਕਾਰਨ ਵਿਸ਼ੇਸ਼ ਹਸਪਤਾਲਾਂ ਵਿੱਚ ਰਹਿਣ ਦੀ ਕੋਈ ਲੋੜ ਨਹੀਂ ਹੁੰਦੀ। ਇਹ ਬੀਤੇ ਸਮੇਂ ਵਿੱਚ ਹੋਇਆ ਸੀ ਕਿਉਂਕਿ ਸਾਡੇ ਕੋਲ ਤਪੇਦਿਕ ਸੰਕ੍ਰਮਣ ਅਤੇ ਕ੍ਰਿਆਸ਼ੀਲ ਤਪੇਦਿਕ ਬਿਮਾਰੀ ਦਾ ਇਲਾਜ ਕਰਨ ਲਈ ਦਵਾਈ ਨਹੀਂ ਸੀ। ਹੁਣ, ਸਾਡੇ ਕੋਲ ਤਪੇਦਿਕ ਸੰਕ੍ਰਮਣ ਅਤੇ ਕ੍ਰਿਆਸ਼ੀਲ ਤਪੇਦਿਕ ਬਿਮਾਰੀ ਲਈ ਇਲਾਜ ਹੈ। ਮੈਂ ਆਪਣੇ ਘਰੋਂ ਤਪੇਦਿਕ ਬਿਮਾਰੀ ਲਈ ਆਪਣਾ ਇਲਾਜ ਲੈ ਸਕਦਾ/ਸਕਦੀ ਹਾਂ। |

**"ਮੈਨੂੰ ਤਪੇਦਿਕ ਸੰਕ੍ਰਮਣ ਹੈ। ਮੇਰੇ ਕੋਈ ਲੱਛਣ ਨਹੀਂ ਹਨ ਅਤੇ ਮੈਂ ਬਿਮਾਰ ਮਹਿਸੂਸ ਨਹੀਂ ਕਰਦਾ/ਕਰਦੀ। ਮੈਂ ਛੂਤਕਾਰੀ ਨਹੀਂ ਹਾਂ। ਮੈਨੂੰ ਇਲਾਜ ਕਰਾਉਣ ਦੀ ਲੋੜ ਹੈ, ਤਾਂ ਜੋ ਮੈਨੂੰ ਕ੍ਰਿਆਸ਼ੀਲ ਤਪੇਦਿਕ ਬਿਮਾਰੀ, ਇੱਕ ਗੰਭੀਰ ਰੋਗ ਨਾ ਹੋ ਜਾਵੇ।"**

1. ਬਿਮਾਰੀ ਨਿਯੰਤਰਣ ਅਤੇ ਰੋਕਥਾਮ ਕੇਂਦਰ (Centers for Disease Control and Prevention, CDC) ਡੇਟਾ ਅਤੇ ਅੰਕੜੇ CDC. **https://www.cdc.gov/tb/statistics/default.htm**.

| ਜੇ ਕੋਈ ਵਿਅਕਤੀ ਇਹ ਕਹਿੰਦਾ ਹੈ... | ਤਾਂ ਇਹ ਕਹੋ... |
|---|---|
| ਕਲਪਿਤ ਗੱਲ | ਤੱਥ |
| ਮੈਂ ਸਕ੍ਰੀਨਿੰਗ ਕਰਾਵਾਂਗਾ/ਕਰਾਵਾਂਗੀ, ਪਰ ਸਕ੍ਰੀਨਿੰਗ ਅਤੇ ਇਲਾਜ ਬਹੁਤ ਜ਼ਿਆਦਾ ਮਹਿੰਗੇ ਹਨ। | NYC ਸਿਹਤ ਵਿਭਾਗ TB Chest Centers (ਤਪੇਦਿਕ ਚੈਸਟ ਸੈਂਟਰਸ) ਟੈਸਟ ਅਤੇ ਇਲਾਜ ਮੁਫ਼ਤ ਵਿੱਚ ਪ੍ਰਦਾਤਾ ਕਰਦੇ ਹਨ। ਹਵਾਲਾ ਲੈਣ ਲਈ ਆਪਣੇ ਪ੍ਰਦਾਤਾ ਨਾਲ ਗੱਲ ਕਰੋ। |
| ਜੇ ਮੈਂ ਸਕ੍ਰੀਨਿੰਗ ਕਰਾਵਾਂ ਅਤੇ ਉਹਨਾਂ ਨੂੰ ਪਤਾ ਲੱਗਦਾ ਹੈ ਕਿ ਮੈਨੂੰ ਤਪੇਦਿਕ ਸੰਕ੍ਰਮਣ ਜਾਂ ਕ੍ਰਿਆਸ਼ੀਲ ਤਪੇਦਿਕ ਬਿਮਾਰੀ ਹੈ, ਤਾਂ ਮੇਰਾ ਪ੍ਰਦਾਤਾ ਮੈਨੂੰ ਸੂਚਨਾ ਦਏਗਾ। ਮੈਨੂੰ ਚਿੰਤਾ ਹੈ ਕਿ ਮੈਨੂੰ ਦੇਸ਼ ਤੋਂ ਬਾਹਰ ਕੱਢਿਆ ਜਾ ਸਕਦਾ ਹੈ। | NYC ਸਿਹਤ ਵਿਭਾਗ ਬੀਮਾ ਜਾਂ ਆਵਾਸ ਸਥਿਤੀ ਲਈ ਪੁੱਛੇ ਬਿਨਾਂ ਆਪਣੀਆਂ ਸੇਵਾਵਾਂ ਪੇਸ਼ ਕਰਦੇ ਹਨ। ਉਹਨਾਂ ਦੇ ਸਾਰੇ ਰਿਕਾਰਡ ਗੁਪਤ ਹਨ। |
| ਜੇ ਤੁਹਾਨੂੰ ਕੋਈ ਲੱਛਣ ਨਹੀਂ ਹਨ ਤਾਂ ਦਵਾਈ ਲੈਣਾ ਜ਼ਰੂਰੀ ਨਹੀਂ ਹੁੰਦਾ। | ਭਾਵੇਂ ਮੈਨੂੰ ਲੱਛਣ ਨਹੀਂ ਵੀ ਹੁੰਦੇ ਹਨ, ਤਾਂ ਵੀ ਮੇਰੇ ਸਰੀਰ ਅੰਦਰ ਤਪੇਦਿਕ ਰੋਗਾਣੂ ਹੁੰਦੇ ਹਨ। ਤਪੇਦਿਕ ਸੰਕ੍ਰਮਣ ਲਈ ਦਵਾਈ ਲੈਣਾ ਸਭ ਤੋਂ ਵਧੀਆ ਹੈ, ਤਾਂ ਜੋ ਮੈਨੂੰ ਕ੍ਰਿਆਸ਼ੀਲ ਤਪੇਦਿਕ ਬਿਮਾਰੀ, ਇੱਕ ਗੰਭੀਰ ਰੋਗ ਵਿਕਸਿਤ ਨਾ ਹੋਵੇ। |
| ਤਪੇਦਿਕ ਸੰਕ੍ਰਮਣ ਅਤੇ ਕ੍ਰਿਆਸ਼ੀਲ ਤਪੇਦਿਕ ਬਿਮਾਰੀ ਲਈ ਇਲਾਜ ਤੁਹਾਡੀ ਜਾਨ ਲੈ ਸਕਦਾ ਹੈ। | ਤਪੇਦਿਕ ਸੰਕ੍ਰਮਣ ਅਤੇ ਕ੍ਰਿਆਸ਼ੀਲ ਤਪੇਦਿਕ ਬਿਮਾਰੀ ਲਈ ਇਲਾਜ ਤੁਹਾਡੀ ਜਾਨ ਨਹੀਂ ਲੈ ਸਕਦਾ। ਕੁਝ ਲੋਕਾਂ ਨੂੰ ਇਲਾਜ ਲੈਂਦੇ ਹੋਏ ਮਾੜੇ ਪ੍ਰਭਾਵਾਂ ਦਾ ਅਨੁਭਵ ਹੋ ਸਕਦਾ ਹੈ। ਜਿਵੇਂ ਹੀ ਤੁਹਾਨੂੰ ਪਤਾ ਲੱਗਦਾ ਹੈ ਕਿ ਤੁਹਾਨੂੰ ਤਪੇਦਿਕ ਸੰਕ੍ਰਮਣ ਹੈ, ਛੇਤੀ ਤੋਂ ਛੇਤੀ ਕ੍ਰਿਆਸ਼ੀਲ ਤਪੇਦਿਕ ਬਿਮਾਰੀ,ਇੱਕ ਗੰਭੀਰ ਰੋਗ ਤੋਂ ਰੋਕਥਾਮ ਲਈ ਇਲਾਜ ਕਰਾਉਣਾ ਬਹੁਤ ਜ਼ਰੂਰੀ ਹੈ, ਜਿਸ ਦਾ ਜੇ ਇਲਾਜ ਨਾ ਕੀਤਾ ਜਾਵੇ ਤਾਂ ਤੁਹਾਡੀ ਜਾਨ ਲੈ ਸਕਦਾ ਹੈ। |

ਜੇ ਤੁਹਾਨੂੰ ਪਤਾ ਲੱਗਦਾ ਹੈ ਕਿ ਤੁਹਾਨੂੰ ਤਪੇਦਿਕ ਸੰਕ੍ਰਮਣ ਹੈ:

- ਆਪਣੇ ਪ੍ਰਦਾਤਾ ਨਾਲ ਗੱਲ ਕਰੋ ਅਤੇ ਤਪੇਦਿਕ ਨੂੰ ਸਮਝੋ।
- ਆਪਣੇ ਪਰਿਵਾਰ, ਦੋਸਤਾਂ ਅਤੇ ਬਰਾਦਰੀ ਦੇ ਨਾਲ ਤਪੇਦਿਕ ਸੰਕ੍ਰਮਣ ਅਤੇ ਕ੍ਰਿਆਸ਼ੀਲ ਤਪੇਦਿਕ ਬਿਮਾਰੀ ਬਾਰੇ ਗੱਲ ਕਰੋ।

ਕ੍ਰਿਆਸ਼ੀਲ ਤਪੇਦਿਕ ਬਿਮਾਰੀ ਅਤੇ COVID-19 ਦੋਵੇਂ ਫੇਫੜਿਆਂ ਨੂੰ ਪ੍ਰਭਾਵਿਤ ਕਰਦੇ ਹਨ ਅਤੇ ਲੋਕਾਂ ਵਿੱਚਕਾਰ ਨਜ਼ਦੀਕੀ ਸੰਪਰਕ ਦੁਆਰਾ ਫੈਲਦੇ ਹਨ। ਕ੍ਰਿਆਸ਼ੀਲ ਤਪੇਦਿਕ ਬਿਮਾਰੀ ਅਤੇ COVID-19 ਹਵਾ ਦੇ ਦੁਆਰਾ ਫੈਲਦੇ ਹਨ, ਜਦੋਂ ਤੁਸੀਂ ਖੰਘਦੇ, ਛਿੱਕਾਂ ਮਾਰਦੇ ਜਾਂ ਬੋਲਦੇ ਹੋ। ਦੋਹਾਂ ਦੇ ਲੱਛਣ ਸਮਾਨ ਹਨ ਅਤੇ ਇੱਕ-ਦੂਜੇ ਨਾਲ ਭੁਲੇਖਾ ਪਾ ਸਕਦੇ ਹਨ। ਜ਼ਿਆਦਾ ਜਾਣਨ ਲਈ ਆਪਣੇ ਪ੍ਰਦਾਤਾ ਨਾਲ ਸੰਪਰਕ ਕਰੋ।

ਤਪੇਦਿਕ ਸੰਕ੍ਰਮਣ ਅਤੇ ਕ੍ਰਿਆਸ਼ੀਲ ਤਪੇਦਿਕ ਬਿਮਾਰੀ ਬਾਰੇ ਜ਼ਿਆਦਾ ਜਾਣਕਾਰੀ ਲਈ, **nyc.gov/health/tb** 'ਤੇ ਜਾਓ। COVID-19 ਦੇ ਲੱਛਣਾਂ ਬਾਰੇ ਵਧੇਰੀ ਜਾਣਕਾਰੀ ਲਈ, **nyc.gov/health/coronavirus** 'ਤੇ ਜਾਓ। ਸਾਥੀ ਸਮਰਥਨ ਲਈ, We Are TB Survivor's Network 'ਤੇ **wearetb.com** 'ਤੇ ਜਾਓ।

NYC Health